**ਪੰਜਾਬ ਸਰਕਾਰ, ਜਲ ਸਰੋਤ ਵਿਭਾਗ**

**ਦਫਤਰੀ ਹੁਕਮ**

ਸ੍ਰੀ ਜਗਦੀਪ ਸਿੰਘ ਪੁੱਤਰ ਸ੍ਰੀ ਗੁਰਦਿਆਲ ਸਿੰਘ ਉਪ ਮੰਡਲ ਅਫਸਰ, ਜਿਨ੍ਹਾਂ ਨੂੰ ਪੱਤਰ ਨੰਬਰ 1106-09/ਈਈ-2/2023 ਮਿਤੀ 08.11.2023 ਰਾਹੀਂ ਪੰਜਾਬ ਸਿਵਲ ਸੇਵਾਵਾਂ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 8 ਅਧੀਨ ਚਾਰਜਸ਼ੀਟ ਜਾਰੀ ਕੀਤੀ ਗਈ ਸੀ, ਜਿਸ ਵਿੱਚ ਹੇਠ ਦਰਸਾਏ ਅਨੁਸਾਰ ਦੋਸ਼ ਲਗਾਏ ਗਏ ਸਨ-

"ਮਿਤੀ 02/11/2023 ਨੂੰ ਕੰਢੀ ਏਰੀਆ ਡੈਮ ਸਰਕਲ ਅਤੇ ਕੰਢੀ ਨਹਿਰ ਹਲਕਾ ਹੁਸ਼ਿਆਰਪੁਰ ਦੇ ਕੰਮਾਂ ਸਬੰਧੀ ਹੋਈ ਰੀਵਿਊ ਮੀਟਿੰਗ ਦੌਰਾਨ ਪਾਇਆ ਗਿਆ ਕਿ ਆਪ ਦੇ ਉਪ ਮੰਡਲ ਅਧੀਨ ਕੁੱਲ 555016 ਫੁੱਟ ਪਾਈਪਲਾਈਨ/ਖਾਲੇ ਹੀ ਰਿਸਟੋਰ ਕਰਵਾਏ ਜਾਣੇ ਸੀ, ਜਿਸ ਵਿੱਚੋਂ ਹੁਣ ਤੱਕ ਕੇਵਲ 360885 ਫੁੱਟ ਪਾਈਪਲਾਈਨ/ਖਾਲੇ ਹੀ ਰਿਸਟੋਰ ਕਰਵਾਏ ਗਏ ਹਨ। ਆਪ ਦੇ ਮੰਡਲ ਅਧੀਨ ਅਜੇ ਵੀ 194131 ਫੁੱਟ ਪਾਈਪਲਾਈਨ/ਖਾਲੇ ਰਿਸਟੋਰ ਕਰਵਾਉਣੇ ਬਾਕੀ ਰਹਿੰਦੇ ਹਨ। ਜੇਕਰ ਇਹ ਪਾਈਪਲਾਈਨ/ਖਾਲੇ ਜਲਦ ਰਿਸਟੋਰ ਨਹੀਂ ਕਰਵਾਏ ਗਏ ਤਾਂ ਜਿੰਮੀਦਾਰਾਂ ਨੂੰ ਸਮੇਂ ਸਿਰ ਪਾਣੀ ਮੁਹੱਈਆ ਨਹੀਂ ਕਰਵਾਇਆ ਜਾ ਸਕਦਾ ਅਤੇ ਸਰਕਾਰ ਨੂੰ ਵਿੱਤੀ ਨੁਕਸਾਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਜਿਹਾ ਕਰਦੇ ਹੋਏ ਆਪ ਵੱਲੋਂ ਆਪਣੀ ਡਿਊਟੀ ਸਹੀ ਢੰਗ ਨਾਲ ਨਹੀਂ ਨਿਭਾਈ ਗਈ ਅਤੇ ਡਿਊਟੀ ਪ੍ਰਤੀ ਕੁਤਾਹੀ ਵਰਤੀ ਗਈ ਹੈ।"

ਅਧਿਕਾਰੀ ਵੱਲੋਂ ਆਪਣਾ ਜਵਾਬ ਸਰਕਾਰ ਨੂੰ ਪੇਸ਼ ਕੀਤਾ ਗਿਆ ਹੈ।

ਸ੍ਰੀ ਜਗਦੀਪ ਸਿੰਘ ਉਪ ਮੰਡਲ ਅਫਸਰ ਵਿਰੁੱਧ ਇਹਨਾ ਦੋਸ਼ਾਂ ਦੇ ਅਧਾਰ ਤੇ ਪਹਿਲਾਂ ਜਾਰੀ ਸ਼ੋ ਕਾਜ ਨੋਟਿਸ ਜੋ ਕਿ ਹੁਣ ਦਾਖਲ ਦਫਤਰ ਕੀਤਾ ਜਾ ਚੁੱਕਾ ਹੈ, ਉਪਰੰਤ ਜਾਰੀ ਚਾਰਜਸ਼ੀਟ ਜਿਸ ਵਿੱਚ ਲਗਾਏ ਗਏ ਦੋਸ਼ ਸਮਾਨ ਹਨ, ਇਸ ਲਈ ਅਧਿਕਾਰੀ ਵਿਰੁੱਧ ਜਾਰੀ ਕੀਤੀ ਗਈ ਦੋਸ਼ ਸੂਚੀ ਦਾਖਲ ਦਫ਼ਤਰ ਕੀਤੀ ਜਾਂਦੀ ਹੈ।

ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਮਿਤੀ 04.10.2024
ਸਥਾਨ ਚੰਡੀਗੜ੍ਹ ।

ਕ੍ਰਿਸ਼ਨ ਕੁਮਾਰ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ।

ਪਿੱਠ ਅੰਕਣ ਨੰਬਰ I/944410/3ਈਈ-2/2024 ਮਿਤੀ 08/10/2024

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ **By E-mail** ਸੂਚਨਾਂ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1.. ਮੁੱਖ ਇੰਜੀਨੀਅਰ/ ਨਹਿਰਾਂ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
2. ਮੁੱਖ ਇੰਜੀਨੀਅਰ/ ਚੌਕਸੀ ਅਤੇ ਕੁਆਲਟੀ ਐਸੋਰੈਸ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
3. ਨਿਗਰਾਨ ਇੰਜੀਨੀਅਰ/ ਕੰਢੀ ਨਹਿਰ ਅਤੇ ਡੈਮ ਹਲਕਾ, ਜਲ ਸਰੋਤ ਵਿਭਾਗ ਪੰਜਾਬ, ਹੁਸ਼ਿਆਰਪੁਰ।
4. ਕਾਰਜਕਾਰੀ ਇੰਜੀਨੀਅਰ/ਕੰਢੀ ਨਹਿਰ-1 ਅਤੇ ਗਰਾਊਂਡ ਵਾਟਰ ਮੰਡਲ, ਜਲ ਸਰੋਤ ਵਿਭਾਗ ਪੰਜਾਬ, ਹੁਸ਼ਿਆਰਪੁਰ।
5. ਕਾਰਜਕਾਰੀ ਇੰਜੀਨੀਅਰ/ਆਈ.ਟੀ-ਕਮ-ਜੀ.ਆਈ.ਐਸ ਅਤੇ ਡਿਜੀਲਾਈਜੇਸ਼ਨ ਜਲ ਸਰੋਤ ਵਿਭਾਗ, ਪੰਜਾਬ (ਮੁੱਖ ਦਫਤਰ), ਚੰਡੀਗੜ੍ਹ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਲ ਸਰੋਤ ਵਿਭਾਗ ਦੀ ਵੈੱਬਸਾਈਟ ਤੇ ਇਹ ਹੁਕਮ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।
6. ਸ੍ਰੀ ਜਗਦੀਪ ਸਿੰਘ ਪੁੱਤਰ ਸ੍ਰੀ ਗੁਰਦਿਆਲ ਸਿੰਘ, ਉਪ ਮੰਡਲ ਅਫਸਰ ਮੋਬਾਇਲ ਨੰ. 99888-49553 (ਵਟਸਐਪ ਰਾਹੀਂ ਸੂਚਿਤ ਕਰਨ ਹਿੱਤ)।

ਸੁਪਰਡੈਂਟ/ਈਈ-2, 4/10/24
ਵਾ. ਮੁੱਖ ਇੰਜੀਨੀਅਰ/ਹੈੱਡਕੁਆਟਰ, ਜਲ ਸਰੋਤ ਵਿਭਾਗ,
ਪੰਜਾਬ, ਚੰਡੀਗੜ੍ਹ ।

ਕਾਪੀ:-

ਸੁਪਰਡੈਂਟ/ਚਾਰਜਸ਼ੀਟ ਸੈੱਲ, ਜਲ ਸਰੋਤ ਵਿਭਾਗ ਪੰਜਾਬ, ਚੰਡੀਗੜ੍ਹ।